# ਪ੍ਰੈਸ ਨੋਟ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਲ੍ਹਾ ਕਪੂਰਥਲਾ ਵਿੱਚ ਪੈਂਦੇ 4 ਵਿਧਾਨ ਸਭਾ ਚੋਣ ਹਲਕਿਆਂ ਵਿੱਚ ਜਿਹੜੇ ਨੌਜਵਾਨ ਮਿਤੀ 01-01-2020 ਨੂੰ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ ਗਏ ਹਨ ਅਤੇ ਉਹਨਾਂ ਦੀ ਅਜੇ ਤੱਕ ਵੋਟ ਨਹੀ ਬਣੀ, ਜਾਂ ਕਿਸੇ ਵੋਟਰ ਨੇ ਵੋਟ ਕਟਵਾਉਣੀ/ਦਰੁਸਤ ਕਰਵਾਉਣੀ ਹੈ, ਉਹ ਆਪਣੇ ਚੋਣ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫਸਰ (ਉਪ ਮੰਡਲ ਮੈਜਿਸਟ੍ਰੇਟ) ਦੇ ਦਫਤਰ/ਜਿਲ੍ਹਾ ਚੋਣ ਦਫਤਰ ਵਿਖੇ ਜਾਂ ਆਪਣੇ ਏਰੀਏ ਦੇ ਬੂਥ ਲੈਵਲ ਅਫਸਰ ਜਾਂ ਆਨ-ਲਾਈਨ ਵਿਧੀ ਰਾਹੀਂ NVSP Portal ਤੇ ਨਿਮਨ ਫਾਰਮਾਂ ਅਨੁਸਾਰ ਦਾਅਵੇ/ਇਤਰਾਜ ਸਬਮਿਟ ਕਰ ਸਕਦੇ ਹਨ:-

| | |
|---|---|
| ਨਵੀਂ ਵੋਟ ਬਨਾਉਣ ਲਈ | ਫਾਰਮ ਨੰ: 6 |
| ਵੋਟ ਕਟਾਉਣ ਲਈ | ਫਾਰਮ ਨੰ: 7 |
| ਵੋਟ ਦੀ ਦਰੁਸਤੀ ਲਈ | ਫਾਰਮ ਨੰ: 8 |
| ਬੂਥ ਨੰ:/ਰਿਹਾਇਸ਼ ਦੀ ਤਬਦੀਲੀ ਕਰਾਉਣ ਲਈ | ਫਾਰਮ ਨੰ: 8ਓ |

ਵੋਟਰ ਰਜਿਸਟ੍ਰੇਸ਼ਨ ਵਿੱਚ ਵਾਧਾ ਕਰਨ ਲਈ ਪ੍ਰਸ਼ਾਸਨ ਵੱਲੋਂ ਯੋਗ ਉਪਰਾਲੇ ਕੀਤੇ ਜਾ ਰਹੇ ਹਨ। ਵੋਟਰ ਸੂਚੀ ਵਿੱਚ ਨੌਜਵਾਨਾਂ ਦੀ ਬਤੌਰ ਵੋਟਰ ਰਜਿਸਟ੍ਰੇਸ਼ਨ ਵਧਾਉਣ ਤੇ ਉਨਾਂ ਨੂੰ ਵੋਟ ਦੀ ਮਹੱਤਤਾ ਸਮਝਾਉਣ ਸਬੰਧੀ ਸਵੀਪ ਦੀਆਂ ਵੱਖ ਵੱਖ ਗਤੀਵਿਧੀਆਂ ਕਰਵਾਈਆਂ ਜਾਣੀਆਂ ਹਨ। ਸਵੀਪ ਸਬੰਧੀ ਗਤੀਵਿਧੀਆਂ ਕੋਰੋਨਾ ਵਾਇਰਸ ਸਬੰਧੀ ਨਿਯਮਾਂ/ਹਦਾਇਤਾਂ ਨੂੰ ਮੁੱਖ ਰੱਖਦਿਆਂ ਕਰਵਾਈਆਂ ਜਾਣੀਆਂ ਹਨ।

ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫਸਰ(ਉਪ ਮੰਡਲ ਮੈਜਿਸਟ੍ਰੇਟ)ਹਲਕਾ ਪੱਧਰ ਤੇ ਕਾਲਜਾਂ ਦੇ ਨੋਡਲ ਅਫਸਰ/ਐਨ.ਜੀ.ਓ./ਸਵੀਪ ਪਾਰਟਨਰ ਏਜੰਸੀਆਂ/ਕੈਂਪਸ ਅੰਬੈਸਡਰਜ਼/ਸੁਪਰਵਾਈਜ਼ਰਾਂ/ਬੀ.ਐਲ.ਓਜ਼ ਨਾਲ ਸਮੇਂ ਸਮੇਂ ਤੇ ਸਵੀਪ ਗਤੀਵਿਧੀਆਂ ਕਰਵਾਉਣਗੇ ਅਤੇ ਆਨਲਾਈਨ ਮੀਟਿੰਗਜ਼ ਕਰਕੇ ਹਲਕੇ 'ਚ ਪੋਲਿੰਗ ਸਟੇਸ਼ਨ ਪੱਧਰ/ਕਾਲਜ ਪੱਧਰ/ਸਕੂਲ ਪੱਧਰ ਤੇ ਈ.ਐਲ.ਸੀ.ਨੂੰ ਐਕਟੀਵੇਟ ਕਰਨਗੇ। ਇਨਾਂ ਰਾਹੀਂ ਕਿੰਨਰਾਂ ਦੇ ਮੁੱਖੀ ਨਾਲ ਤਾਲਮੇਲ ਕਰਕੇ ਵੋਟਰ ਜਾਗਰੂਕਤਾ ਨਾਲ ਸਬੰਧਤ ਵੀਡਿਓ ਮੈਸੇਜ਼ ਤਿਆਰ ਕਰਵਾ ਕੇ/ Facebook/You Tube/Instagram/Twitter ਤੇ ਸ਼ਾਮਲ ਕੀਤੇ ਜਾਣਗੇ। ਬੀ.ਐਲ.ਓਜ਼ ਰਾਹੀਂ ਅਪੰਗ ਵਿਅਕਤੀਆਂ ਨੂੰ ਵੀ ਬਤੌਰ ਵੋਟਰ ਦਰਜ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ। ਜਿਲ੍ਹੇ ਦੇ ਸਮੂਹ ਸੀਨੀਅਰ ਸੈਕੰਡਰੀ ਸਕੂਲਾਂ ਦੇ 18 ਜਾਂ 18 ਸਾਲ ਤੋਂ ਵੱਧ ਉਮਰ ਦੇ ਵਿਦਿਆਰਥੀਆਂ ਨੂੰ ਵੋਟਰ ਸੂਚੀ 'ਚ ਆਨਲਾਈਨ ਰਜਿਸਟਰੇਸ਼ਨ(on www.nvsp.in) ਕਰਾਉਣ ਲਈ ਫਾਰਮ ਭਰਨ ਲਈ ਪ੍ਰੇਰਿਤ ਕੀਤਾ ਜਾਵੇਗਾ। ਵੋਟ ਦੇ ਮਹੱਤਵ ਅਰਥਾਤ ਵੋਟ ਬਣਾਉਣੀ/ਵੋਟ ਦਾ ਇਸਤੇਮਾਲ ਕਰਨਾ ਕਿਓਂ ਜਰੂਰੀ ਹੈ, ਇਸ ਸਬੰਧੀ ਆਨਲਾਈਨ ਡੀਬੇਟ/ਕਵਿਜ਼/ਸਪੀਚ ਮੁਕਾਬਲੇ ਕਰਵਾਏ ਜਾਣਗੇ।

ਆਮ ਜਨਤਾ ਨੂੰ ਪੁਰਜੋਰ ਅਪੀਲ ਕੀਤੀ ਜਾਂਦੀ ਹੈ ਕਿ ਵੋਟਰ ਸੂਚੀ ਵਿੱਚ ਆਪਣਾ ਨਾਂ ਰਜਿਸਟਰ ਕਰਾਉਣ ਲਈ ਆਪਣੇ ਏਰੀਏ ਦੇ ਚੋਣਕਾਰ ਰਜਿਸਟ੍ਰੇਸ਼ਨ ਅਫਸਰ (ਉਪ ਮੰਡਲ ਮੈਜਿਸਟ੍ਰੇਟ) ਅਤੇ ਬੀ.ਐਲ.ਓ.ਨਾਲ ਤਾਲਮੇਲ ਕਰਕੇ ਦਾਅਵੇ/ਇਤਰਾਜ ਦੇਣ ਸਬੰਧੀ ਪੂਰਾ ਸਹਿਯੋਗ ਦਿੱਤਾ ਜਾਵੇ ਤਾਂ ਜ਼ੋ ਕੋਈ ਯੋਗ ਵਿਅਕਤੀ ਜੋ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ ਗਏ ਹਨ ਅਤੇ ਉਹਨਾਂ ਦੀ ਅਜੇ ਤੱਕ ਵੋਟ ਨਹੀ ਬਣੀ, ਵੋਟ ਦੇ ਅਧਿਕਾਰ ਤੋਂ ਵਾਂਝੇ ਨਾ ਰਹਿ ਜਾਣ।

ਮਿਤੀ: 02.07.2020

ਜਿਲ੍ਹਾ ਚੋਣ ਅਫਸਰ,
ਕਪੂਰਥਲਾ।

Scanned with CamScanner